ਮਾਡਲ ਟੈਸਟ ਪੇਪਰ

ਵਿਸ਼ਾ-ਸੰਗੀਤ(ਗਾਇਨ )

ਸ਼੍ਰੇਣੀ - ਬਾਰ੍ਹਵੀਂ

(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ)

ਸਮਾਂ-3 ਘੰਟੇ

ਕੁੱਲ ਅੰਕ-45

ਭਾਗ - ੳ

1 ਤੋਂ 4 ਤੱਕ ਵਸਤੂਨਿਸ਼ਠ ਪ੍ਰਸ਼ਨ, 5 ਤੋਂ 8 ਖਾਲੀ ਥਾਵਾਂ,9 ਤੋਂ 11 ਸਹੀ/ਗ਼ਲਤ, 12 ਤੋਂ 14 ਤੱਕ ਬਹੁ-ਭਾਂਤਿ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ।

(ਕ) ਵਸਤੂਨਿਸ਼ਠ ਪ੍ਰਸ਼ਨ(ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਆਧੁਨਿਕ ਕਾਲ ਦਾ ਆਰੰਭ ਕਿਸ ਈਸਵੀ ਤੋਂ ਮੰਨਿਆ ਜਾਂਦਾ ਹੈ?
2. ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?
3. ਰਾਗ ਭੈਰਵ ਦਾ ਵਾਦੀ ਸੁਰ ਕੀ ਹੈ?
4. ਮਾਲਕੌਂਸ ਕਿੰਨੇ ਸੁਰਾਂ ਦਾ ਰਾਗ ਹੈ?

(4x2=8)

(ਖ) ਖਾਲੀ ਥਾਵਾਂ

5. ਸੱਜੇ ਤਬਲੇ ਨੂੰ ________ ਵੀ ਕਹਿੰਦੇ ਹਨ।
6. ਖੱਬੇ ਤਬਲੇ ਨੂੰ ________ ਵੀ ਕਹਿੰਦੇ ਹਨ।
7. ਝੱਪਤਾਲ ________ ਮਾਤਰਾਵਾਂ ਦੀ ਤਾਲ ਹੈ।
8. ਧਮਾਰ ਤਾਲ ਦੀ ਖਾਲੀ ਮਾਤਰਾ ______ ਹੈ।

(4x2=8)

(ਗ) ਸਹੀ/ਗ਼ਲਤ

9. ਹਾਰਮੋਨੀਅਮ ਵਿੱਚ ਹਵਾ ਚਾਬੀਆਂ ਤੋਂ ਭਰਦੇ ਹਨ।
10. ਸਿਆਹੀ ਦਾ ਰੰਗ ਕਾਲਾ ਹੁੰਦਾ ਹੈ।
11. ਰੂਪਕ ਤਾਲ ਦੇ ਤਿੰਨ ਵਿਭਾਗ ਹਨ।

(3x2=6)

(ਘ) ਬਹੁ-ਭਾਂਤੀ ਪ੍ਰਸ਼ਨ

12. ਉਸਤਾਦ ਬੜੇ ਗ਼ੁਲਾਮ ਅਲੀ ਖਾਨ ਇੱਕ ਮਸ਼ਹੂਰ...

1. ਤਬਲਾ ਵਾਦਕ ਸਨ    2. ਸਾਰੋਦ ਵਾਦਕ ਸਨ    3. ਸਿਤਾਰ ਵਾਦਕ ਸਨ    4. ਗਾਇਕ ਸਨ

13. ਤਬਲਾ ਕਿਸ ਦੇਸ਼ ਦਾ ਸਾਜ਼ ਹੈ?

1. ਭਾਰਤ    2. ਇੰਗਲੈਂਡ    3.ਪੈਰਿਸ    4. ਅਮਰੀਕਾ

14. ਇੱਕਤਾਲ ਦੀ ਕਿਹੜੀ ਮਾਤਰਾ ਖਾਲੀ ਹੈ?

1. 3-7    2. 2-9    3. 4-5    4. 1-3

(3x2=6)

ਭਾਗ - ਅ

15 ਤੋਂ 19 ਤੱਕ 5 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 3-5 ਵਾਕਾਂ ਵਿੱਚ ਹੋਣਾ ਚਾਹੀਦਾ ਹੈ।

15. ਗਾਇਕ ਦੇ ਕੋਈ ਤਿੰਨ ਗੁਣ ਲਿਖੋ।
16. ਗਾਇਕ ਦੇ ਕੋਈ ਤਿੰਨ ਔਗੁਣ ਲਿਖੋ।
17. ਠੁਮਰੀ ਬਾਰੇ ਸੰਖੇਪ ਵਿੱਚ ਲਿਖੋ।
18. ਰੂਪਕ ਤਾਲ ਦੀ ਇੱਕਗੁਣ ਲਿਖੋ।
19. ਝੱਪਤਾਲ ਦੀ ਜਾਣਕਾਰੀ ਲਿਖੋ।

(3x3=9)

ਭਾਗ – ੲ

20 ਤੋਂ 23 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 5-7 ਵਾਕਾਂ ਵਿੱਚ ਹੋਣਾ ਚਾਹੀਦਾ ਹੈ।

20. ਸੁਰਿੰਦਰ ਕੌਰ ਜੀ ਬਾਰੇ ਵਿਸਤਾਰ ਸਹਿਤ ਲਿਖੋ।
21. ਛਾਯਾਲਗ ਰਾਗਾਂ ਬਾਰੇ ਵਿਸਥਾਰ ਸਹਿਤ ਲਿਖੋ।
22. ਸੂਲਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।
23. ਤਿਲਵਾੜਾ ਤਾਲ ਨੂੰ ਇੱਕਗੁਣ ਅਤੇ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ।

(2x4=8)